# माँ अखीआं नु रज लैण दे

ਮਾਂ ਅੱਖੀਆਂ ਨੂੰ, ਰੱਜ ਲੈਣ ਦੇ*, ਦਾਤੀਏ ਅਜੇ ਨਾ ਜਾ ॥
*ਦਾਤੀਏ, ਅਜੇ ਨਾ ਜਾ,,, ਜੈ ਹੋ ।
*ੳ ਬੱਚਿਆਂ ਨੂੰ, ਨਾ ਤੜਫਾ,,, ਜੈ ਹੋ ।
*ੳ ਸ਼ੇਰਾਂਵਾਲੀ, ਅਜੇ ਨਾ ਜਾ,,, ਜੈ ਹੋ ।
*ੳ ਬੱਚਿਆਂ ਨੂੰ, ਨਾ ਤੜਫਾ,,, ਜੈ ਹੋ ।
ਮਾਂ ਅੱਖੀਆਂ ਨੂੰ, ਰੱਜ ਲੈਣ ਦੇ,,,,,,,,,,,,,,,,,,,,
( ਮਾਂ )
ਮੁੱਦਤਾ ਤੋਂ, ਮਾਂਏਂ ਏਹ ਨੇ, "ਅੱਖੀਆਂ ਪਿਆਸੀਆਂ" ।
ਖੁਸ਼ੀਆਂ ਦੇ, ਵਿੱਚ ਵੀ ਨੇ, "ਤੇਰੇ ਲਈ ਉਦਾਸੀਆਂ" ॥
*ਏਹਨਾਂ ਨੂੰ, ਨਾ ਤਰਸਾਵੀਂ,,, ਜੈ ਹੋ ।
*ਮਾਂ ਨਾ ਅਜੇ, ਉੱਠ ਕੇ ਨਾ ਜਾਵੀਂ,,, ਜੈ ਮਾਂ ॥
ਏਹਨਾਂ ਨੂੰ ਪਰੇ, ਹੱਟ ਲੈਣ ਦੇ*, ਦਾਤੀਏ ਅਜੇ ਨਾ ਜਾ,,,
ਮਾਂ ਅੱਖੀਆਂ ਨੂੰ, ਰੱਜ ਲੈਣ ਦੇ*,,,,,,,,,,,,,,,,,,,,
( ਮਾਂ )
ਦਿਲ ਨੂੰ ਸੀ, ਤਾਂਘ ਬੜੀ, "ਤੇਰਿਆਂ ਦੀਦਾਰਾਂ ਦੀ" ।
ਮਸਾਂ ਅੱਜ ਘੜੀ ਆਈ, "ਤੇਰਿਆਂ ਕਰਾਰਾਂ ਦੀ" ॥
*ਅਜੇ ਤਾਂ ਤੇਰੀ, ਕੰਜ਼ਕਾਂ ਨੇ ਆਉਣਾ,,, ਜੈ ਹੋ ।
*ਓਹਨਾਂ ਨੇ ਅੱਜ, ਬੜਾ ਰੰਗ ਲਾਉਣਾ,,, ਜੈ ਮਾਂ ॥
ਏਹ ਕੰਜ਼ਕਾਂ ਨੂੰ, ਸੱਜ ਲੈਣ ਦੇ*, ਦਾਤੀਏ ਅਜੇ ਨਾ ਜਾ,,,
ਮਾਂ ਅੱਖੀਆਂ ਨੂੰ, ਰੱਜ ਲੈਣ ਦੇ*,,,,,,,,,,,,,,,,,,,,
( ਨੀ )
ਜਿੰਨੀ ਖੁਸ਼ੀ, ਅੱਜ ਤੇਰੇ, "ਆਣ ਨਾਲ ਦਾਤੀਏ" ।
ਓਨੀ ਹੀ, ਉਦਾਸੀ ਤੇਰੇ, "ਜਾਣ ਨਾਲ ਦਾਤੀਏ" ॥
*ਅੱਖੀਆਂ, ਸਰਦੂਲ ਨੇ ਭਰੀਆਂ,,, ਜੈ ਹੋ ।
*ਰਾਹਵਾਂ ਵਿੱਚ, ਸੰਗਤਾਂ ਖੜੀਆਂ,,, ਜੈ ਮਾਂ ॥
ਏਹਨਾਂ ਦੀ ਆਸ, ਬੱਝ ਲੈਣ ਦੇ*, ਦਾਤੀਏ ਅਜੇ ਨਾ ਜਾ,,,
ਮਾਂ ਅੱਖੀਆਂ ਨੂੰ, ਰੱਜ ਲੈਣ ਦੇ*,,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/27618/title/maa-kahiyan-nu-rajj-lain-de

अपने Android मोबाइल पर BhajanGanga App डाउनलोड करें और भजनों का आनंद ले |